ਆਈ. ਸੀ. ਏ. ਆਰ. - ਕੇਂਦਰੀ ਕਪਾਹ ਖ਼ੋਜ ਸੰਸਥਾ, ਨਾਗਪੁਰ

ਨਰਮੇਂ - ਕਪਾਹ ਦੀ ਕਾਸ਼ਤ ਲਈ ਇੱਕੀਵੀਂ ਹਫ਼ਤਾਵਾਰੀ ਸਲਾਹ (29 ਅਕਤੂਬਰ ਤੋਂ ਨਵੰਬਰ, 2026 ਤੱਕ)

ੳ. ਮਿੱਟੀ ਦੀ ਸਿਹਤ, ਖ਼ੁਰਾਕੀ ਤੱਤਾਂ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਬਾਰੇ ਆਮ ਜਾਣਕਾਰੀ:

ਨਰਮੇਂ-ਕਪਾਹ ਦੀ ਵਧੀਆ ਪੈਦਾਵਾਰ ਸੰਤੁਲਿਤ ਖ਼ੁਰਾਕ, ਜਲ ਪ੍ਰਬੰਧਨ, ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੀ ਸਰਗਰਮ ਨਿਗਰਾਨੀ-ਆਧਾਰਿਤ ਪ੍ਰਬੰਧਨ ਤੇ ਨਿਰਭਰ ਕਰਦੀ ਹੈ। ਏਕੀਕ੍ਰਿਤ ਫ਼ਸਲ ਪ੍ਰਬੰਧਨ ਦੀਆਂ ਤਕਨੀਕਾਂ ਨੂੰ ਸਹੀ ਤਰੀਕੇ ਨਾਲ਼ ਲਾਗੂ ਕਰਨ ਕਰਕੇ ਬੂਟਿਆਂ ਦਾ ਵਧੀਆ ਵਿਕਾਸ ਹੁੰਦਾ ਹੈ, ਖ਼ਰਚਾ ਘੱਟ ਹੁੰਦਾ ਹੈ ਅਤੇ ਇਹ ਫ਼ਸਲਾਂ ਨੂੰ ਕੀੜੇ-ਮਕੌੜਿਆਂ ਅਤੇ ਬਿਮਾਰੀਆਂ ਦੇ ਮਾਰੂ ਪ੍ਰਭਾਵਾਂ ਤੋਂ ਬਚਾਉਂਦਾ ਹੈ।

ਮਿੱਟੀ ਦੀ ਸਿਹਤ ਅਤੇ ਏਕੀਕ੍ਰਿਤ ਖ਼ੁਰਾਕੀ ਤੱਤ ਪ੍ਰਬੰਧਨ:

- **ਵੱਡੇ ਖ਼ੁਰਾਕੀ ਤੱਤਾਂ ਦੀ ਸੰਤੁਲਿਤ ਵਰਤੋਂ:** ਫ਼ਸਲ ਬਿਜਾਈ ਤੋਂ ਪਹਿਲਾਂ ਮਿੱਟੀ ਪਰਖ਼ ਦੇ ਅਧਾਰ ਤੇ ਰਸਾਇਣਿਕ ਖ਼ਾਦਾਂ ਦੀ ਸੰਤੁਲਿਤ ਵਰਤੋਂ ਕਰਕੇ, ਰੂੜੀ ਅਤੇ ਹਰੀ ਖ਼ਾਦ ਪਾ ਕੇ ਅਤੇ ਢੁਕਵਾਂ ਫ਼ਸਲ ਚੱਕਰ ਆਪਣਾ ਕੇ ਮਿੱਟੀ ਦੀ ਸਿਹਤ ਵਿੱਚ ਸੁਧਾਰ ਕਰੋ।

- **ਸੂਖ਼ਮ ਖ਼ੁਰਾਕੀ ਤੱਤਾਂ ਦੀ ਵਰਤੋਂ:** ਫ਼ਸਲ ਦੀ ਜ਼ਰੂਰਤ ਦੇ ਹਿਸਾਬ ਨਾਲ ਸੂਖ਼ਮ ਖ਼ੁਰਾਕੀ ਤੱਤਾਂ (ਜ਼ਿੰਕ, ਬੋਰੋਨ ਅਤੇ ਮੈਂਗਨੀਜ਼ ਆਦਿ) ਦੀ ਘਾਟ ਨੂੰ ਛਿੜਕਾਅ ਕਰਕੇ ਪੂਰਾ ਕਰੋ।

ਏਕੀਕ੍ਰਿਤ ਬਿਮਾਰੀ ਪ੍ਰਬੰਧਨ:

- **ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ:** ਮਿੱਟੀ ਵਿੱਚੋਂ ਅਤੇ ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੋਂ ਬਚਾਅ ਲਈ ਜੈਵਿਕ ਖ਼ਾਦਾਂ, ਜੈਵਿਕ ਕੀਟਨਾਸ਼ਕਾਂ ਅਤੇ ਜੈਵਿਕ ਉੱਲੀਨਾਸ਼ਕਾਂ ਨਾਲ ਮਿੱਟੀ ਅਤੇ ਬੀਜ ਨੂੰ ਸੋਧ ਕੇ ਬਿਜਾਈ ਕਰਨ ਅਤੇ ਖ਼ੇਤਾਂ ਅਤੇ ਖ਼ੇਤਾਂ ਦੇ ਆਲੇ-ਦੁਆਲੇ ਨੂੰ ਸਾਫ਼-ਸੁਥਰਾ ਰੱਖ ਕੇ ਫ਼ਸਲ ਨੂੰ ਬਿਮਾਰੀ ਲੱਗਣ ਤੋਂ ਬਚਾਅ ਕੀਤਾ ਜਾ ਸਕਦਾ ਹੈ ਅਤੇ ਇਸ ਨਾਲ ਫ਼ਸਲ ਦੀ ਸਿਹਤ ਵੀ ਵਧੀਆ ਹੁੰਦੀ ਹੈ।

- **ਪੱਤਿਆਂ ਤੇ ਲੱਗਣ ਵਾਲੀਆਂ ਬਿਮਾਰੀਆਂ ਤੇ ਕਾਬੂ ਪਾਉਣਾ:** ਵਧੇਰੇ ਮੀਂਹ ਅਤੇ ਨਮੀ ਵਾਲੇ ਦਿਨਾਂ ਵਿੱਚ ਫ਼ਸਲ ਦੀ ਲਗਾਤਾਰ ਨਿਗਰਾਨੀ ਕਰੋ। ਜਦੋਂ ਮੌਸਮ ਬਿਮਾਰੀ ਲੱਗਣ ਅਤੇ ਵਧਣ-ਫੁੱਲਣ ਦੇ ਅਨੁਕੂਲ ਹੋਵੇ ਓਦੋਂ ਸਿਫ਼ਾਰਿਸ਼ ਕੀਤੀਆਂ ਉੱਲੀਨਾਸ਼ਕ ਜ਼ਹਿਰਾਂ ਦਾ ਸੰਤੁਲਿਤ ਛਿੜਕਾਅ ਕਰੋ।

ਏਕੀਕ੍ਰਿਤ ਕੀੜੇ-ਮਕੌੜਿਆਂ ਦਾ ਪ੍ਰਬੰਧ:

- **ਖ਼ੇਤਾਂ ਵਿੱਚ ਸਰਵੇਖ਼ਣ ਕਰੋ:** ਖ਼ੇਤਾਂ ਵਿੱਚ ਰਸ ਚੂਸਣ ਵਾਲੇ ਕੀੜਿਆਂ (ਜੂੰ, ਹਰੇ ਤੇਲੇ ਅਤੇ ਚਿੱਟੀ ਮੱਖੀ ਆਦਿ) ਅਤੇ ਸੁੰਡੀਆਂ ਦਾ ਹਫ਼ਤਾਵਾਰੀ ਸਰਵੇਖ਼ਣ ਕਰੋ।
- **ਟ੍ਰੈਪ ਲਗਾਓ ਅਤੇ ਜੈਵਿਕ ਕੀਟਨਾਸ਼ਕਾਂ ਦੀ ਵਰਤੋਂ ਕਰੋ:** ਫ਼ਸਲ ਦੇ ਸ਼ੁਰੂਆਤੀ ਦੌਰ ਵਿੱਚ ਸੁੰਡੀਆਂ ਦੇ ਭਮੱਕੜਾਂ ਦੀ ਨਿਗਰਾਨੀ ਲਈ ਫ਼ਿਰੋਮੋਨ ਟ੍ਰੈਪ ਲਗਾਓ, ਸੁੰਡੀਆਂ ਦੇ ਭਮੱਕੜਾਂ ਦੇ ਆਂਡੇ ਦੇਣ ਦੇ ਸਮੇਂ ਦਾ ਪਤਾ ਲਗਾਓ ਅਤੇ ਜੈਵਿਕ ਅਤੇ ਹੋਰ ਵਨਸਪਤੀ ਅਧਾਰਿਤ ਕੀਟਨਾਸ਼ਕਾਂ ਦਾ ਛਿੜਕਾਅ ਕਰੋ।

- **ਮਿੱਤਰ ਕੀੜਿਆਂ ਨੂੰ ਬਚਾਓ:** ਮਿੱਤਰ ਕੀੜਿਆਂ ਨੂੰ ਘੱਟ ਤੋਂ ਘੱਟ ਨੁਕਸਾਨ ਕਰਨ ਵਾਲੀਆਂ ਕੀਟਨਾਸ਼ਕਾਂ ਦਾ ਛਿੜਕਾਅ ਕਰੋ।
- **ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਨੂੰ ਸੰਜਮ ਨਾਲ ਵਰਤੋ:** ਸਿਰਫ਼ ਸਿਫ਼ਾਰਿਸ਼ ਕੀਤੀਆਂ ਰਸਾਇਣਿਕ ਕੀਟਨਾਸ਼ਕ ਜ਼ਹਿਰਾਂ ਦੀ ਸਿਫ਼ਾਰਿਸ਼ ਕੀਤੀ ਮਾਤਰਾ ਦਾ ਕੀੜੇ ਦੇ ਆਰਥਿਕ ਪੱਧਰ ਤੋਂ ਵੱਧ ਹੋਣ ਤੇ ਹੀ ਛਿੜਕਾਅ ਕਰੋ।

ਸਾਫ਼-ਸੁਥਰੀ ਚੁਗਾਈ ਅਤੇ ਭੰਡਾਰਨ:

- ਮੰਡੀ ਵਿੱਚ ਨਰਮੇਂ-ਕਪਾਹ ਦਾ ਵਧੀਆ ਭਾਅ ਲੈਣ ਲਈ ਨਰਮੇਂ-ਕਪਾਹ ਦੀ ਸਾਫ਼-ਸੁਥਰੀ ਚੁਗਾਈ ਕਰੋ। ਨਰਮੇਂ-ਕਪਾਹ ਨੂੰ ਸੁੱਕਾ, ਕੂੜੇ (ਸਿੱਕਰੀ / ਪੱਤਰੀ) ਤੋਂ ਰਹਿਤ ਅਤੇ ਤ੍ਰੇਲ ਸੁੱਕਣ ਤੋਂ ਬਾਅਦ ਚੁਗੋ।
- ਨਰਮੇਂ-ਕਪਾਹ ਨੂੰ ਚੁਗਾਈ ਤੋਂ ਬਾਅਦ ਪਲਾਸਟਿਕ ਦੀਆਂ ਤਿਰਪਾਲਾਂ ਉੱਤੇ ਅਤੇ ਪਲਾਸਟਿਕ ਦੇ ਥੈਲਿਆਂ ਵਿੱਚ ਨਾ ਰੱਖੋ ਅਤੇ ਸੂਤੀ ਚਾਦਰਾਂ ਦੀ ਵਰਤੋਂ ਕਰੋ।

ਅ. ਖ਼ੇਤਰੀ ਸਲਾਹ:

ਪੰਜਾਬ		ਅਸਲ ਵਿੱਚ ਪਿਆ ਮੀਂਹ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)							ਮੀਂਹ ਦੀ ਭਵਿੱਖਬਾਣੀ (ਮਿਲੀ ਮੀਟਰਾਂ ਵਿੱਚ-ਆਈ. ਐੱਮ. ਡੀ.)				
		ਅਕਤੂਬਰ							ਅਕਤੂਬਰ / ਨਵੰਬਰ				
		20	21	22	23	24	25	26	28	29	30	31	01
	ਫ਼ਿਰੋਜ਼ਪੁਰ								0	0	0	0	0
	ਫ਼ਰੀਦਕੋਟ	0	0	0	0	0	0	0	0	0	0	0	0
	ਮੁਕਤਸਰ								0	0	0	0	0
	ਬਠਿੰਡਾ	0	0	0	0	0	0	0	0	0	0.2	0.1	0
	ਸੰਗਰੂਰ								0	0.2	3.4	2.4	0
	ਲੁਧਿਆਣਾ	0	0	0	0	0	0	0	0	0	1.8	1	0.1
ਮੀਂਹ ਦੀ ਮਾਤਰਾ ਅਤੇ ਰੰਗ ਕੋਡ		0.1 ਤੋਂ 2.4 ਮਿ. ਮੀ.		2.5 ਤੋਂ 15.5 ਮਿ. ਮੀ.			15.6 ਤੋਂ 64.4 ਮਿ. ਮੀ.			64.5 ਤੋਂ 115.5 ਮਿ. ਮੀ.		115.6 ਤੋਂ 204.4 ਮਿ. ਮੀ.	
ਮੀਂਹ ਦੀ ਕਿਸਮ		ਬਹੁਤ ਹਲਕਾ ਮੀਂਹ		ਹਲਕਾ ਮੀਂਹ			ਮੱਧਮ ਦਰਜੇ ਦਾ ਮੀਂਹ			ਭਾਰਾ ਮੀਂਹ		ਬਹੁਤ ਭਾਰਾ ਮੀਂਹ	

ਫ਼ਸਲ ਦੀ ਹਾਲਤ :

ਬਠਿੰਡਾ ਵਿਖੇ ਫ਼ਸਲ ਤੇ ਟੀਂਡੇ ਖਿੜ ਰਹੇ ਹਨ। ਨਰਮੇਂ-ਕਪਾਹ ਦੀ ਚੁਗਾਈ ਚੱਲ ਰਹੀ ਹੈ। ਖਿੜੇ ਹੋਏ ਟੀਂਡਿਆਂ ਵਿੱਚ ਗੁਲਾਬੀ ਸੁੰਡੀ ਦੇ ਨੁਕਸਾਨ ਦੀ ਦਰ 10 % ਤੱਕ ਸੀ। ਨਰਮੇਂ ਦੇ ਖ਼ੇਤਾਂ ਵਿੱਚ ਟੀਂਡਾ ਗਲਣ ਬਿਮਾਰੀ ਦੇ ਲੱਛਣ ਵੀ ਦੇਖੇ ਗਏ ਹਨ।

		ਫ਼ਰੀਦਕੋਟ ਵਿਖੇ ਫ਼ਸਲ ਤੇ ਟੀਂਡੇ ਖਿੜ ਰਹੇ ਹਨ। ਨਰਮੇਂ-ਕਪਾਹ ਦੀ ਆਖ਼ਰੀ ਚੁਗਾਈ ਚੱਲ ਰਹੀ ਹੈ। **ਸਲਾਹ :-** ਬਠਿੰਡਾ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇਂ-ਕਪਾਹ ਦੀ ਆਖ਼ਰੀ ਚੁਗਾਈ ਤੋਂ ਬਾਅਦ ਛਟੀਆਂ ਨੂੰ ਸ਼੍ਰੈਡਰ ਨਾਲ ਛੋਟੇ-ਛੋਟੇ ਟੁਕੜੇ ਕਰ ਕੇ ਜ਼ਮੀਨ ਵਿੱਚ ਮਿਲਾ ਦਿਓ। ਫ਼ਰੀਦਕੋਟ ਵਿਖੇ, ਕਿਸਾਨਾਂ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਨਰਮੇਂ-ਕਪਾਹ ਨੂੰ ਸੁੱਕਾ, ਕੂੜੇ (ਸਿੱਕਰੀ / ਪੱਤਰੀ) ਤੋਂ ਰਹਿਤ ਅਤੇ ਤ੍ਰੇਲ ਸੁੱਕਣ ਤੋਂ ਬਾਅਦ ਚੁਗੋ। ਮੰਡੀ ਵਿੱਚ ਨਰਮੇਂ-ਕਪਾਹ ਦਾ ਵਧੀਆ ਭਾਅ ਲੈਣ ਲਈ ਨਰਮੇਂ-ਕਪਾਹ ਨੂੰ ਸੁੱਕਾ ਅਤੇ ਕੂੜੇ (ਸਿੱਕਰੀ / ਪੱਤਰੀ) ਤੋਂ ਰਹਿਤ ਚੁਗੋ। ਆਖਰੀ ਚੁਗਾਈ ਤੋਂ ਤੁਰੰਤ ਬਾਅਦ, ਨਰਮੇਂ-ਕਪਾਹ ਦੀਆਂ ਛਟੀਆਂ ਨੂੰ ਖ਼ੇਤ ਵਿੱਚੋਂ ਹਟਾ ਦਿਓ ਅਤੇ ਗੁਲਾਬੀ ਸੁੰਡੀ ਦੇ ਵਿਰੁੱਧ ਸਫ਼ਾਈ ਉਪਾਅ ਵਜੋਂ ਬਾਕੀ ਬਚੀ ਰਹਿੰਦ-ਖੂੰਹਦ ਨੂੰ ਮਿੱਟੀ ਪਲਟਾਊ ਹਲ ਨਾਲ ਦੱਬ ਦਿਓ। ਨਰਮੇਂ-ਕਪਾਹ ਦੀ ਚੁਗਾਈ ਤੋਂ ਬਾਅਦ ਸੁਪਰ ਸੀਡਰ ਦੀ ਵਰਤੋਂ ਕਰਕੇ ਕਣਕ ਦੀ ਬਿਜਾਈ ਕਰੋ ਅਤੇ ਛਟੀਆਂ ਨੂੰ ਇੱਕੋ ਵਾਰ ਵਿੱਚ ਮਿੱਟੀ ਵਿੱਚ ਮਿਲਾ ਦਿਓ, ਜੋ ਕਿ ਗੁਲਾਬੀ ਸੁੰਡੀ ਦੇ ਹਮਲੇ ਨੂੰ ਘਟਾਉਣ ਲਈ ਵੀ ਇੱਕ ਵਧੀਆ ਸਾਧਨ ਹੈ।